ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
Line of Credit Fix Bad Credit Get OSAP Loan 905-965-4644
ਜਾਦੂ ਟੂਣੇ ਦੀ ਕਾਟ 1-604-961-6635
12 Beds, 7 Baths For 24 Guests 905-965-4644
ਨੈਨੀ/ਕੇਅਰਗਿਵਰ ਵੀਜ਼ਾ ਅਰਜ਼ੀਆਂ 7,500 Positions 416-848-3930
Sher Atta $14.99 20LB 905-678-0300
Security Cameras CCTV Live Monitoring 647-863-9232
ਇੰਡੀਅਨ ਵੀਜ਼ਾ OCI & Passport Renewal 514-389-7070

# ਫ਼ਿਲਮ ਹਿੰਦ ਦੀ ਚਾਦਰ ਨਾ ਕੀਤੀ ਜਾਵੇ ਰੀਲੀਜ਼ - SGPC

ਅੰਮ੍ਰਿਤਸਰ: ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਜੀਵਨ 'ਤੇ ਬਣੀ ਐਨੀਮੇਸ਼ਨ ਫ਼ਿਲਮ ਹਿੰਦ ਦੀ ਚਾਦਰ ਜਾਰੀ ਕਰਨ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਫ਼ਿਲਮ ਦੇ ਨਿਰਮਾਤਾ ਅਤੇ ਨਿਰਦੇਸ਼ਕ ਨੂੰ ਕਿਹਾ ਹੈ ਕਿ ਸਿੱਖ ਭਾਵਨਾਵਾਂ ਦੇ ਮੱਦੇਨਜ਼ਰ ਇਸ ਨੂੰ ਰੀਲੀਜ਼ ਨਾ ਕੀਤਾ ਜਾਵੇ। ਇਹ ਫ਼ਿਲਮ 21 ਨਵੰਬਰ ਨੂੰ ਰੀਲੀਜ਼ ਕੀਤੀ ਜਾਣੀ ਹੈ।

ਮੁੱਖ ਸਕੱਤਰ ਨੇ ਕਿਹਾ ਕਿ ਬਵੇਜਾ ਮੂਵੀ ਪ੍ਰਾਈਵੇਟ ਲਿਮਿਟਿਡ ਵਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੇ ਜੀਵਨ 'ਤੇ ਬਣਾਈ ਗਈ ਇਸ ਫ਼ਿਲਮ 'ਚ ਸਿੱਖ ਸਿਧਾਂਤ, ਇਤਿਹਾਸ ਅਤੇ ਫ਼ਿਲਮਾਂਕਣ ਦੇ ਪੱਖ ਤੋਂ ਬਹੁਤ ਸਾਰੀਆਂ ਕਮੀਆਂ ਹਨ ਜਿਸ ਦੇ ਮੱਦੇਨਜ਼ਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਆਦੇਸ਼ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਲੋਂ ਪੱਤਰ ਭੇਜ ਕੇ 21 ਨਵੰਬਰ ਨੂੰ ਇਸ ਫ਼ਿਲਮ ਨੂੰ ਰੀਲੀਜ਼ ਨਾ ਕਰਨ ਦਾ ਆਦੇਸ਼ ਦਿੱਤਾ ਹੈ।

ਉਨ੍ਹਾਂ ਆਖਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਰੌਸ਼ਨੀ 'ਚ ਫ਼ਿਲਮ ਚਲਾਉਣ ਦਾ ਫ਼ੈਸਲਾ ਵਾਪਿਸ ਲਿਆ ਜਾਵੇ। ਫ਼ਿਲਮ ਘੋਖ ਕਮੇਟੀ ਵਲੋਂ ਇਸ ਫ਼ਿਲਮ ਨੂੰ ਵੇਖਣ ਬਾਅਦ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਭੇਜੀ ਗਈ ਸੀ ਜਿਸ 'ਤੇ ਸਕੱਤਰੇਤ ਨੇ ਰੋਕ ਸਬੰਧੀ ਪੱਤਰ ਭੇਜਿਆ ਹੈ।

ਮੰਨਣ ਨੇ ਕਿਹਾ ਕਿ ਗੁਰੂ ਸਾਹਿਬਾਨ ਨੂੰ ਕਿਸੇ ਵੀ ਤਰ੍ਹਾਂ ਕਲਪਨਾ ਜਾਂ ਐਨੀਮੇਸ਼ਨ ਰਾਹੀਂ ਦਰਸਾਉਣ ਦੀ ਮਨਾਹੀ ਹੈ, ਅਤੇ ਅਜਿਹਾ ਕਰਨਾ ਸਿੱਖ ਸਿਧਾਂਤਾਂ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਜਾਰੀ ਹੁਕਮਨਾਨਿਆਂ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਜਦੋਂ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਸਬੰਧਤ ਕਿਰਦਾਰ ਨਿਭਾਉਣ 'ਤੇ ਰੋਕ ਹੈ ਤਾਂ ਫ਼ਿਰ ਅਜਿਹੀਆਂ ਫ਼ਿਲਮਾਂ ਬਣਾਉਣ ਤੋਂ ਪਹਿਲਾਂ ਹੀ ਸੰਕੋਚ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਨਾਲ-ਨਾਲ ਵਿਵਾਦ ਵੀ ਪੈਦਾ ਕਰਦੀਆਂ ਹਨ।ਉਨ੍ਹਾਂ ਕਿਹਾ ਕਿ ਜਦੋਂ ਸਿੱਖ ਪੰਥ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਮਨਾ ਰਿਹਾ ਹੈ ਤਾਂ ਉਸ ਵੇਲੇ ਸਿੱਖ ਸਿਧਾਂਤਾਂ ਤੋਂ ਪਾਸੇ ਜਾ ਕੇ ਗੁਰੂ ਸਾਹਿਬ ਨਾਲ ਸਬੰਧਤ ਐਨੀਮੇਸ਼ਨ ਫ਼ਿਲਮ ਨੂੰ ਜਾਰੀ ਕਰਨਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ।

ਨੈਨੀ/ਕੇਅਰਗਿਵਰ ਵੀਜ਼ਾ ਅਰਜ਼ੀਆਂ 7,500 Positions 416-848-3930
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਅਨ ਵੀਜ਼ਾ OCI & Passport Renewal 514-389-7070
ਬੈੱਡ ਬਰੇਕਜ਼ (ਖਟਮਲ) ਖ਼ਤਮ 647-688-3944
ਜਾਦੂ ਟੂਣੇ ਦੀ ਕਾਟ 1-604-961-6635

# ਅਮਰੀਕਾ ਨੇ ਖਿੱਚੀ ਜੰਗ ਦੀ ਤਿਆਰੀ

ਨਵੀਂ ਦਿੱਲੀ: ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਵੈਨੇਜ਼ੂਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੂਰੋ ਖ਼ਿਲਾਫ਼ ਸਖ਼ਤ ਰੁਖ਼ ਅਪਨਾ ਰਹੇ ਹਨ। ਟਰੰਪ ਪ੍ਰਸ਼ਾਸਨ ਵੈਨੇਜ਼ੂਏਲਾ 'ਤੇ ਤਿੰਨ ਪਾਸਿਓਂ ਹਮਲਾ ਕਰਨ ਦੀ ਤਿਆਰੀ ਕਰ ਰਿਹਾ ਹੈ ਹਾਲਾਂਕਿ ਮਾਹਿਰ ਮੰਨਦੇ ਹਨ ਕਿ ਇਹ ਸਿਰਫ਼ ਦਬਾਅ ਬਣਾਉਣ ਦੀ ਇਕੱ ਰਣਨੀਤੀ ਹੋ ਸਕਦੀ ਹੈ, ਪਰ ਅਮਰੀਕੀ ਫ਼ੌਜੀ ਤਾਇਨਾਤੀ ਵੱਧ ਗਈ ਹੈ।

**ਵੱਡੇ ਪੱਧਰ 'ਤੇ ਅਮਰੀਕੀ ਫ਼ੌਜ ਦੀ ਤਾਇਨਾਤੀ:** ਅਮਰੀਕਾ ਨੇ ਕੈਰੇਬੀਅਨ ਖੇਤਰ 'ਚ ਵੱਡੀ ਫ਼ੌਜੀ ਤਾਇਨਾਤੀ ਕੀਤੀ ਹੈ ਜੋ ਕਿ ਕਈ ਸਾਲਾਂ 'ਚ ਸਭ ਤੋਂ ਵੱਡੀ ਹੈ। ਇਸ ਤਾਇਨਾਤੀ 'ਚ ਹਜ਼ਾਰਾਂ ਫ਼ੌਜੀ, ਹਵਾਈ ਜਹਾਜ਼ ਅਤੇ ਜਹਾਜ਼ ਸ਼ਾਮਿਲ ਹਨ। ਮੁੱਖ ਤਾਇਨਾਤੀ ਹੇਠ ਲਿਖੇ ਸਥਾਨਾਂ 'ਤੇ ਹੋਈ ਹੈ ਜਿਨ੍ਹਾਂ ਦੀ ਦੂਰੀ ਰਾਜਧਾਨੀ ਕਾਰਾਕਸ ਤੋਂ ਮਾਪੀ ਗਈ ਹੈ।

1. **ਪੋਰਟੋ ਰੀਕੋ:** ਇਹ ਅਮਰੀਕਾ ਦਾ ਖੇਤਰ ਹੈ ਅਤੇ ਇੱਥੇ ਮੁੱਖ ਫ਼ੌਜੀ ਅੱਡਾ ਸਥਿਤ ਹੈ ਜਿੱਥੇ ਹਜ਼ਾਰਾਂ ਫ਼ੌਜੀ ਅਤੇ ਹਵਾਈ ਜਹਾਜ਼ ਤਾਇਨਾਤ ਹਨ। ਇਹ ਕਾਰਾਕਸ ਤੋਂ ਲਗਭਗ 892 ਕਿਲੋਮੀਟਰ ਦੂਰ ਹੈ, ਅਤੇ ਇੱਥੋਂ ਅਮਰੀਕੀ ਲੜਾਕੂ ਜਹਾਜ਼ ਆਸਾਨੀ ਨਾਲ ਵੈਨੇਜ਼ੂਏਲਾ ਪਹੁੰਚ ਸਕਦੇ ਹਨ।

2. **ਤ੍ਰਿਨੀਦਾਦ ਅਤੇ ਟੋਬੈਗੋ:** ਅਮਰੀਕੀ ਮਰੀਨ ਕੋਰ ਇੱਥੇ ਤ੍ਰਿਨੀਦਾਦ ਦੀ ਫ਼ੌਜ ਨਾਲ ਸਾਂਝੇ ਅਭਿਆਸ ਕਰ ਰਿਹਾ ਹੈ। ਇਹ ਕਾਰਾਕਸ ਤੋਂ 621 ਕਿਲੋਮੀਟਰ ਦੂਰ ਹੈ, ਪਰ ਵੈਨੇਜ਼ੂਏਲਾ ਦੇ ਤੱਟ ਤੋਂ ਇਸ ਦੀ ਸਭ ਤੋਂ ਨਜ਼ਦੀਕੀ ਥਾਂ ਸਿਰਫ਼ 11 ਕਿਲੋਮੀਟਰ ਦੂਰ ਹੈ। ਇੱਥੋਂ ਹਮਲਾ ਬਹੁਤ ਤੇਜ਼ੀ ਨਾਲ ਹੋ ਸਕਦਾ ਹੈ।

3. **USS Gerald R Ford:** ਇਹ ਦੁਨੀਆਂ ਦਾ ਸਭ ਤੋਂ ਵੱਡਾ ਜੰਗੀ ਬੇੜਾ ਹੈ ਜੋ 100, 000 ਟਨ ਵਜ਼ਨੀ ਹੈ, ਅਤੇ ਇਹ 75 ਜਹਾਜ਼ ਲਿਜਾ ਸਕਦਾ ਹੈ। ਇਹ ਕੈਰੇਬੀਅਨ ਸਾਗਰ 'ਚ ਤਾਇਨਾਤ ਹੈ ਜੋ ਕਾਰਾਕਸ ਤੋਂ ਲਗਭਗ 500-600 ਕਿਲੋਮੀਟਰ ਦੂਰ ਹੈ। ਇਸ ਦੇ ਪਹੁੰਚਣ ਨਾਲ ਹਵਾਈ ਹਮਲੇ ਆਸਾਨ ਹੋ ਜਾਣਗੇ। **US Virgin Islands** ਅਤੇ ਫ਼ਲੋਰੀਡਾ ਨੂੰ ਵੀ ਸਪੋਰਟ ਬੇਸਾਂ ਵਜੋਂ ਵਰਤਿਆ ਜਾ ਰਿਹਾ ਹੈ।

ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਸਸਤੀਆਂ ਹਵਾਈ ਟਿਕਟਾਂ 905-595-1700
ਦੰਦਾਂ ਦੀ ਦੇਖਭਾਲ 905-450-5600
Sher Atta $14.99 20LB 905-678-0300
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
ਖਟਮਲਾਂ, ਕੌਕਰੋਚਾਂ ਅਤੇ ਚੂਹਿਆਂ ਦਾ ਖ਼ਾਤਮਾ 416-277-9742
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710

**ਮੇਖ** (21 ਮਾਰਚ ਤੋਂ 20 ਅਪ੍ਰੈਲ)
ਪਰਿਵਾਰ ਵਿੱਚ ਮਾਤਾ ਜੀ ਦੇ ਨਾਲ ਕਿਸੇ ਗਲ ਤੋਂ ਟਕਰਾਓ ਹੋਣ ਦਾ ਯੋਗ ਹੈ ਤੁਸੀਂ ਇਸ ਟਕਰਾਓ ਨੂੰ ਟਾਲ ਸਕਦੇ ਹੋ, ਲੋੜ ਹੈ ਮਾਤਾ ਜੀ ਦੀ ਗੱਲ ਸੁਣਨ ਦੀ। ਪਤਨੀ ਵਾਲੇ ਪਾਸੇ ਤੋਂ ਕੋਈ ਖੁਸ਼ੀ ਮਿਲ ਸਕਦੀ ਹੈ। ਬੱਚਿਆਂ ਦੇ ਦਾਖਲੇ ਨੂੰ ਲੈ ਕੇ ਪ੍ਰੇਸ਼ਾਨ ਰਹਿ ਸਕਦੇ ਹੋ ਪਰ ਇਹ ਪ੍ਰੇਸ਼ਾਨੀ ਵੀ ਦੂਰ ਹੋ ਜਾਵੇਗੀ। ਘਰ ਵਿੱਚ ਧਾਰਮਿਕ ਪ੍ਰੋਗਰਾਮ ਹੋਣ ਦਾ ਯੋਗ ਬਣ ਰਿਹਾ ਹੈ।

**ਸਿੰਘ** (23 ਜੁਲਾਈ ਤੋਂ 23 ਅਗਸਤ)
ਜ਼ਿਆਦਾ ਗੁੱਸੇ ਨਾਲ ਤੁਸੀਂ ਆਪਣੀ ਸਿਹਤ ਤੇ ਕੰਮ ਦਾ ਹੀ ਨੁਕਸਾਨ ਕਰ ਰਹੇ ਹੋ। ਹਰ ਚੀਜ਼ ਵਿੱਚ ਅਤਿ ਮਾੜੀ ਹੁੰਦੀ ਹੈ। ਇਹ ਜ਼ਰੂਰੀ ਨਹੀਂ ਕਿ ਹਰ ਗੱਲ ਵਿੱਚ ਤੁਹਾਡਾ ਹੀ ਨਜ਼ਰੀਆ ਠੀਕ ਹੋਵੇ, ਕਈ ਵਾਰ ਦੂਜੇ ਵੱਲੋਂ ਦਿੱਤੀ ਸਲਾਹ ਵੀ ਚੰਗੀ ਹੁੰਦੀ ਹੈ। ਅੱਗੇ ਹੀ ਇਸ ਗੁੱਸੇ ਨੇ ਕਈ ਆਪਣਿਆਂ ਨੂੰ ਤੁਹਾਡੇ ਤੋਂ ਦੂਰ ਕਰ ਦਿੱਤਾ ਹੈ।

**ਧਨ** (23 ਨਵੰਬਰ ਤੋਂ 23 ਦਸੰਬਰ)
ਤੁਹਾਡੇ ਵਾਸਤੇ ਇਹ ਹਫ਼ਤਾ ਮਿਲਿਆ ਜੁਲਿਆ ਰਹੇਗਾ, ਤੁਸੀ ਆਪਣੀਆਂ ਗੱਲਾਂ ਦੇ ਨਾਲ ਦੂਜਿਆਂ ਨੂੰ ਪ੍ਰਭਾਵਿਤ ਕਰੋਗੇ ਅਤੇ ਵਿਰੋਧੀ ਤੁਹਾਡੇ ਅੱਗੇ ਟਿੱਕ ਨਹੀਂ ਸਕਣਗੇ। ਸਰੀਰ ਵਿੱਚ ਕਿਸੇ ਥਾਂ 'ਤੇ ਦਰਦ ਰਹਿ ਸਕਦੀ ਹੈ। ਛੋਟੇ ਭਰਾ ਨਾਲ ਕਿਸੇ ਗੱਲ 'ਤੇ ਟਕਰਾਓ ਹੋ ਸਕਦਾ ਹੈ, ਪਰ ਇਹ ਜਲਦੀ ਹੀ ਖ਼ਤਮ ਹੋ ਜਾਵੇਗਾ। ਹਮੇਸ਼ਾ ਕੰਮ ਵਿੱਚ ਹੀ ਨਾ ਮਗਨ ਰਹੋ।

**ਬ੍ਰਿਖ** (21 ਅਪ੍ਰੈਲ ਤੋਂ 21 ਮਈ)
ਜਿਨ੍ਹਾਂ ਦੇ ਵਿਆਹ ਦੀ ਗੱਲ ਬਹੁਤ ਦੇਰ ਤੋਂ ਸਿਰੇ ਨਹੀਂ ਚੜ੍ਹ ਰਹੀ ਸੀ, ਉਨ੍ਹਾਂ ਵਾਸਤੇ ਇਹ ਹਫ਼ਤਾ ਬੜੀ ਚੰਗੀ ਖ਼ਬਰ ਲੈ ਕੇ ਆ ਰਿਹਾ ਹੈ। ਜਿਨ੍ਹਾਂ ਨੇ ਨੌਕਰੀ ਦੇ ਲਈ ਅਪਲਾਈ ਕੀਤਾ ਹੋਇਆ ਹੈ, ਉਨ੍ਹਾਂ ਨੂੰ ਵੀ ਖੁਸ਼ੀ ਵਾਲੀ ਖ਼ਬਰ ਮਿਲੇਗੀ। ਮਨੋਰੰਜਨ ਦੇ ਮੌਕੇ ਵੀ ਮਿਲਣਗੇ। ਮਾਣ-ਸਨਮਾਨ 'ਚ ਵਾਧਾ ਹੋਵੇਗਾ। ਇਹ ਹਫ਼ਤਾ ਤੁਹਾਡੇ ਲਈ ਖੁਸ਼ੀਆਂ ਵਾਲਾ ਰਹੇਗਾ।

**ਕੰਨਿਆ** (24 ਅਗਸਤ ਤੋਂ 23 ਸਤੰਬਰ)
ਕਿਸੇ ਨਾਲ ਜੇ ਕੋਈ ਨਵਾਂ ਕੰਮ ਸਾਂਝੇਦਾਰੀ ਵਿੱਚ ਸ਼ੁਰੂ ਕਰਨ ਜਾ ਰਹੇ ਹੋ ਤਾਂ ਅਜੇ ਕੰਮ ਸ਼ੁਰੂ ਨਾ ਕਰੋ ਕਿਉਂਕਿ ਇਹ ਸਾਂਝੇਦਾਰੀ ਅੱਗੇ ਜਾ ਕੇ ਤੁਹਾਡੇ ਲਈ ਮੁਸੀਬਤ ਬਣ ਸਕਦੀ ਹੈ। ਦਫ਼ਤਰ ਵਿੱਚ ਵੀ ਤੇ ਬਾਹਰ ਵੀ ਕਿਸੇ ਵੀ ਕਾਗਜ਼ 'ਤੇ ਬਿਨਾਂ ਪੜ੍ਹੇ ਦਸਖਤ ਨਾ ਕਰ ਨਹੀਂ ਤਾਂ ਥਾਣੇ ਤੇ ਕਚਹਿਰੀਆਂ ਦੇ ਚੱਕਰ ਲਾਉਣੇ ਪੈ ਸਕਦੇ ਹਨ।

**ਮਕਰ** (24 ਦਸੰਬਰ ਤੋਂ 20 ਜਨਵਰੀ)
ਇਸ ਹਫ਼ਤੇ ਤੁਹਾਡਾ ਕਾਫ਼ੀ ਸਮਾਂ ਪਰਿਵਾਰ ਨਾਲ ਗੁਜਰੇਗਾ। ਤੁਸੀਂ ਉਨ੍ਹਾਂ ਦੀਆਂ ਸ਼ਿਕਾਇਤਾਂ ਨੂੰ ਦੂਰ ਕਰੋਗੇ। ਪਰਿਵਾਰ ਨਾਲ ਕਿਸੇ ਪਹਾੜੀ ਜਗ੍ਹਾ 'ਤੇ ਜਾਣ ਦਾ ਵੀ ਪ੍ਰੋਗਰਾਮ ਬਣ ਸਕਦਾ ਹੈ। ਕਿਸੇ ਜ਼ਮੀਨ ਦੇ ਸੌਦੇ ਨੂੰ ਲੈ ਕੇ ਮਨ ਵਿੱਚ ਬੇਚੈਨੀ ਰਹੇਗੀ। ਘਰ ਵਿੱਚ ਕਿਸੇ ਧਾਰਮਿਕ ਕੰਮ ਦੇ ਹੋਣ ਦਾ ਵੀ ਯੋਗ ਬਣ ਰਿਹਾ ਹੈ। ਪਿਤਾ ਜੀ ਵੱਲੋਂ ਵੀ ਸਹਾਇਤਾ ਮਿਲੇਗੀ।

**ਮਿਥੁਨ** (22 ਮਈ ਤੋਂ 21 ਜੂਨ)
ਦੂਜਿਆਂ ਦੀ ਪ੍ਰੇਸ਼ਾਨੀ ਲੈਣੀ ਛੱਡੋ ਤੇ ਆਪਣੇ ਕੰਮ ਵੱਲ ਧਿਆਨ ਦਿਓ। ਤੁਸੀਂ ਦੂਜਿਆਂ ਬਾਰੇ ਸੋਚ-ਸੋਚ ਕੇ ਆਪਣੇ ਕੰਮਾਂ ਨੂੰ ਪਿੱਛੇ ਪਾ ਦਿੰਦੇ ਹੋ। ਦੂਜੇ ਤੁਹਾਡੀ ਸਲਾਹ ਲੈ ਕੇ ਕਿਤੇ ਦੇ ਕਿਤੇ ਪਹੁੰਚ ਜਾਂਦੇ ਹਨ ਅਤੇ ਤੁਸੀਂ ਉਥੇ ਦੇ ਉਥੇ ਹੀ ਰਹਿ ਜਾਂਦੇ ਹੋ। ਪੁਰਾਣੀਆਂ ਕੀਤੀਆਂ ਹੋਈਆਂ ਗਲਤੀਆਂ ਨੂੰ ਯਾਦ ਕਰ ਕੇ ਮਨ ਬੇਚੈਨ ਰਹਿ ਸਕਦਾ ਹੈ।

**ਤੁਲਾ** (24 ਸਤੰਬਰ ਤੋਂ 23 ਅਕਤੂਬਰ)
ਭਰਾਵਾਂ ਵਿੱਚ ਦੇਰ ਤੋਂ ਚੱਲ ਰਿਹਾ ਜ਼ਮੀਨ ਦਾ ਵਿਵਾਦ ਖਤਮ ਹੋ ਸਕਦਾ ਹੈ। ਵੱਡੇ ਬਜ਼ੁਰਗਾਂ ਦੀ ਮਦਦ ਨਾਲ ਇਸ ਵਿਵਾਦ ਨੂੰ ਸੁਲਝਾ ਲਿਆ ਜਾਵੇਗਾ। ਇਸ ਹਫ਼ਤੇ ਕਿਸੇ ਨਵੇਂ ਜ਼ਮੀਨ ਦਾ ਸੌਦਾ ਹੋਣ ਦਾ ਵੀ ਯੋਗ ਬਣ ਰਿਹਾ ਹੈ। ਆਉਣ ਵਾਲੇ ਸਮੇਂ ਵਿੱਚ ਇਹ ਜ਼ਮੀਨ ਤੁਹਾਨੂੰ ਬੜਾ ਫ਼ਾਇਦਾ ਦੇ ਸਕਦੀ ਹੈ। ਸ਼ੇਅਰ ਵਿੱਚ ਜ਼ਿਆਦਾ ਪੈਸਾ ਲਾਉਣਾ ਨੁਕਸਾਨ ਕਰ ਸਕਦਾ ਹੈ।

**ਕੁੰਭ** (21 ਜਨਵਰੀ ਤੋਂ 19 ਫ਼ਰਵਰੀ)
ਪੁਰਾਣੀਆਂ ਆਦਤਾਂ ਨੂੰ ਬਦਲਣ ਦੀ ਲੋੜ ਹੈ। ਕਿਸੇ ਵੀ ਕੰਮ ਨੂੰ ਜੇਕਰ ਲਗਾਤਾਰ ਕਰੋਗੇ ਤਾਂ ਉਸ ਦੇ ਸਹੀ ਨਤੀਜੇ ਸਾਹਮਣੇ ਆਉਣਗੇ। ਇਸ ਲਈ ਉਸ ਹੀ ਕੰਮ ਨੂੰ ਹੱਥ ਪਾਓ ਜਿਸ ਨੂੰ ਤੁਸੀਂ ਕਰ ਸਕਦੇ ਹੋਵੇ। ਅਧੂਰੇ ਮਨ ਨਾਲ ਕੀਤਾ ਕੰਮ ਫ਼ਾਇਦਾ ਕਰਨ ਦੀ ਥਾਂ ਨੁਕਸਾਨ ਕਰੇਗਾ। ਘਰ ਵਿੱਚ ਸੁੱਖ-ਸ਼ਾਂਤੀ ਬਣੀ ਰਹੇਗੀ ਤੇ ਮਨੋਰੰਜਨ ਦਾ ਯੋਗ ਬਣਿਆ ਰਹੇਗਾ।

**ਕਰਕ** (22 ਜੂਨ ਤੋਂ 22 ਜੁਲਾਈ)
ਕੰਮ ਵਿੱਚ ਵੱਡਾ ਬਦਲਾਓ ਹੋਣ ਜਾ ਰਿਹਾ ਹੈ। ਇਹ ਬਦਲਾਓ ਤੁਹਾਡੇ ਲਈ ਚੰਗਾ ਸਮਾਂ ਲੈ ਕੇ ਆ ਰਿਹਾ ਹੈ ਤੇ ਤੁਹਾਡੀ ਸੋਚ ਮੁਤਾਬਕ ਹੀ ਹੋਣ ਜਾ ਰਿਹਾ ਹੈ। ਸ਼ੁਰੂ ਵਿੱਚ ਥੋੜ੍ਹੀ ਪ੍ਰੇਸ਼ਾਨੀ ਆ ਸਕਦੀ ਹੈ, ਪਰ ਜਲਦੀ ਹੀ ਇਹ ਪ੍ਰੇਸ਼ਾਨੀ ਦੂਰ ਹੋ ਜਾਵੇਗੀ। ਵੱਡੇ ਭਰਾ ਨਾਲ ਚੱਲ ਰਿਹਾ ਕੋਈ ਪੁਰਾਣਾ ਵਿਵਾਦ ਖਤਮ ਹੋ ਜਾਵੇਗਾ।

**ਬ੍ਰਿਸ਼ਚਕ** (24 ਅਕਤੂਬਰ ਤੋਂ 22ਨਵੰਬਰ)
ਦਫ਼ਤਰ ਵਿੱਚ ਤੁਹਾਨੂੰ ਇਸ ਹਫ਼ਤੇ ਇੱਕ ਮਹੱਤਵਪੂਰਨ ਜ਼ਿੰਮੇਵਾਰੀ ਮਿਲਣ ਜਾ ਰਹੀ ਹੈ। ਇਸ ਨੂੰ ਪੂਰਾ ਕਰਨ ਵਿੱਚ ਤੁਹਾਡੇ ਕੁਝ ਖਾਸ ਸਹਿਯੋਗੀਆਂ ਵੱਲੋਂ ਮਦਦ ਕੀਤੀ ਜਾਵੇਗੀ। ਤੁਹਾਡੇ ਦੁਸ਼ਮਣ ਵੀ ਤੁਹਾਡੇ ਵੱਲ ਦੋਸਤੀ ਦਾ ਹੱਥ ਵਧਾਉਣਗੇ। ਬੱਚਿਆਂ ਨਾਲ ਟਕਰਾਓ ਹੋ ਸਕਦਾ ਹੈ। ਮਾਪਿਆਂ ਵੱਲੋਂ ਕੋਈ ਚੰਗੀ ਖ਼ਬਰ ਮਿਲ ਸਕਦੀ ਹੈ।

**ਮੀਨ** (20 ਫ਼ਰਵਰੀ ਤੋਂ 20 ਮਾਰਚ)
ਵਿਪਾਰ ਵਿੱਚ ਘਾਟੇ ਦੀ ਪ੍ਰੇਸ਼ਾਨੀ ਦੇ ਦੂਰ ਹੋਣ ਦਾ ਸਮਾਂ ਹੁਣ ਆ ਗਿਆ ਹੈ। ਪੁਰਾਣੀਆਂ ਗਲਤੀਆਂ ਨੂੰ ਭੁੱਲ ਕੇ ਨਵੀਂ ਸ਼ੁਰੂਆਤ ਦੇ ਨਾਲ ਹੀ ਵਪਾਰ ਵਧੀਆ ਚਲ ਸਕਦਾ ਹੈ। ਸਮੇਂ ਤੇ ਮੌਕੇ ਦਾ ਫ਼ਾਇਦਾ ਉਠਾਓ। ਧਨ ਨੂੰ ਲੈ ਕੇ ਚੱਲ ਰਹੀ ਤੰਗੀ ਦੂਰ ਹੋਵੇਗੀ ਤੇ ਕਿਸੇ ਦੋਸਤ ਤੋਂ ਵੀ ਮਦਦ ਮਿਲੇਗੀ। ਘਰ ਵਿੱਚ ਬਿਜਲੀ ਦੇ ਉਪਕਰਣ ਖਰਾਬ ਹੋ ਸਕਦੇ ਹਨ।

## ਜੋਤਿਸ਼ ਦਾ ਸੱਚ- 718

ਆਪਣੇ ਪਿਛਲੇ ਕਾਲਮ ਵਿੱਚ ਮੈਂ ਆਪਣੇ ਪਾਠਕਾਂ ਨੂੰ ਰਾਹੂ ਗ੍ਰਹਿ ਦੇ ਬਾਰੇ ਚਾਨਣਾ ਪਾ ਰਿਹਾ ਸੀ। ਜਨਮ ਕੁੰਡਲੀ ਦੇ ਹਰੇਕ ਘਰ ਵਿੱਚ ਰਾਹੂ ਗ੍ਰਹਿ ਕਿਸੇ ਵਿਅਕਤੀ ਦੇ ਜੀਵਨ ਵਿੱਚ ਕਿਹੋ ਜਿਹਾ ਪ੍ਰਭਾਵ ਪਾਉਂਦਾ ਹੈ। ਇਸ ਦੇ ਬਾਰੇ ਮੈਂ ਆਪਣੇ ਲੇਖ ਵਿੱਚ ਰੋਸ਼ਨੀ ਪਾ ਰਿਹਾ ਸੀ ਅਤੇ ਮੈਂ ਆਪਣੇ ਪਿਛਲੇ ਲੇਖ ਵਿੱਚ ਜਨਮ ਕੁੰਡਲੀ ਦੇ ਪਹਿਲੇ ਛੇ ਘਰਾਂ ਵਿੱਚ ਵਿਰਾਜਮਾਨ ਰਾਹੂ ਗ੍ਰਹਿ ਦੇ ਬਾਰੇ ਚਾਨਣਾ ਪਾ ਚੁੱਕਿਆ ਹਾਂ। ਹੁਣ ਗੱਲ ਕਰਦੇ ਹਾਂ ਜਨਮ ਕੁੰਡਲੀ ਦੇ ਸੱਤਵੇਂ ਘਰ ਵਿੱਚ ਸਥਿਤ ਰਾਹੂ ਗ੍ਰਹਿ ਦੇ ਪ੍ਰਭਾਵਾਂ ਦੇ ਬਾਰੇ।

ਜਨਮ ਕੁੰਡਲੀ ਵਿੱਚ ਸੱਤਵਾਂ ਘਰ ਕਿਸੇ ਵਿਅਕਤੀ ਦੀ ਸ਼ਾਦੀ-ਸ਼ੁਦਾ ਜ਼ਿੰਦਗੀ ਨੂੰ ਬਿਲਾਂਗ ਕਰਦਾ ਹੈ ਅਤੇ ਸੱਤਵੇਂ ਘਰ ਤੋਂ ਪਤਾ ਚੱਲਦਾ ਹੈ ਕਿ ਕਿਸੇ ਵਿਅਕਤੀ ਦੀ ਸ਼ਾਦੀ-ਸ਼ੁਦਾ ਜ਼ਿੰਦਗੀ ਕਿਹੋ ਜਿਹੀ ਹੋਵੇਗੀ। ਕਿਸੇ ਲੜਕੇ ਜਾਂ ਲੜਕੀ ਨੂੰ ਉਸ ਦਾ ਲਾਈਫ਼-ਪਾਰਟਨਰ ਕਿਹੋ 